# 15
# ਕਲੀਸੀਆ ਦੇ ਵਿਕਾਸ ਦੀ ਚੁਣੌਤੀ

ਖ਼ੁਦਾ ਚਾਹੁੰਦਾ ਹੈ ਕਿ ਕਲੀਸੀਆ ਵਧੇ। ਇਸ ਸਬੰਧ ਵਿਚ, ਕਲੀਸੀਆ ਦੇ ਵਧਣ ਲਈ ਕਲੀਸੀਆ ਦੇ ਜ਼ਿਆਦਾਤਰ ਆਗੂਆ ਦੀ ਮਰਜ਼ੀ ਖ਼ੁਦਾ ਦੀ ਮਰਜ਼ੀ ਨਾਲ ਮੇਲ ਖਾਂਦੀ ਹੈ।

ਬੀਤੇ ਸਮੇਂ ਵਿਚ ਕਲੀਸੀਆ ਵਧੀ ਹੈ। 1964 ਵਿਚ, ਖਬਰਾਂ ਦੇ ਲੇਖਾਂ ਵਿਚ ਦਾਅਵਾ ਸੀ ਕਿ ''ਅਮਰੀਕੀ ਕਲੀਸੀਆਵਾਂ ਦੀ ਸਲਾਨਾ ਕਿਤਾਬ ਮੁਤਾਬਕ, ਮਸੀਹ ਦੀਆਂ ਕਲੀਸੀਆਵਾਂ ਸਭ ਤੋਂ ਤੇਜੀ ਨਾਲ ਵਧਣ ਵਾਲੀਆਂ ਹਨ ਅਤੇ ਬੀਤੇ ਵੀਹ ਸਾਲਾਂ ਤੋਂ ਵਧ ਰਹੀਆਂ ਹਨ।'' ਸਲਾਨਾ ਕਿਤਾਬ ਵਿਚ ਸੰਕੇਤ ਦਿੱਤੇ ਗਏ ਹਨ ਕਿ 1941 ਤੋਂ 1961 ਤਕ ਕਲੀਸੀਆ 580 ਫ਼ੀਸਦੀ ਵਧੀ ਸੀ![1]

ਪਰ ਆਂਕੜਿਆਂ ਤੋਂ ਸੰਕੇਤ ਮਿਲਦਾ ਹੈ ਕਿ ਅਮਰੀਕਾ ਵਿਚ ਪ੍ਰਭੂ ਦੀ ਕਲੀਸੀਆ ਦੇ ਤੇਜ਼ੀ ਨਾਲ ਵਧਣ ਦਾ ਸਮਾਂ ਖਤਮ ਹੋ ਗਿਆ ਸੀ ਅਤੇ ਉਸ ਦੇ ਬਾਅਦ ਇਹ ਓਸੇ ਅਕਾਰ ਵਿਚ ਜਾਂ ਥੋੜ੍ਹਾ ਜਿਹਾ ਘੱਟ ਵੀ ਹੋਣ ਲੱਗੀ ਸੀ। ਸਿਰਫ਼ ਇਸੇ ਸਾਲ ਵਿਚ ਇਹ ਖ਼ਬਰ ਆਈ ਹੈ ਕਿ ਅਮਰੀਕਾ ਵਿਚ ਮਸੀਹ ਦੀਆਂ ਕਲੀਸੀਆਵਾਂ ਸਮੁੱਚੇ ਤੌਰ ਤੇ ਫੇਰ ਤੋਂ ਵਧਣ ਲਗੀਆਂ ਹਨ।[2]

ਪ੍ਰਭੂ ਦੀ ਕਲੀਸੀਆ ਵਿਚ ਲੀਡਰਾਂ ਨੂੰ ਹਮੇਸ਼ਾ ਇਸ ਸੱਚਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਜਿਸ ਮੰਡਲੀ ਦੀ ਉਹ ਅਗਵਾਈ ਕਰਦੇ ਹਨ ਉਹ ਵਧ ਨਹੀਂ ਰਹੀ ਹੁੰਦੀ। ਬਹੁਤ ਸਾਰੀਆਂ ਕਲੀਸੀਆਵਾਂ ਕਈ ਸਾਲਾਂ ਬਾਅਦ ਵੀ ਓਨੀਆਂ ਹੀ ਰਹਿੰਦੀਆਂ ਹਨ, ਅਤੇ ਇਸ ਤੱਥ ਦੇ ਬਾਵਜੂਦ ਕਿ ਆਗੂ ਕਲੀਸੀਆ ਨੂੰ ਵਧਦੇ ਵੇਖਣਾ ਚਾਹੁੰਦੇ ਹਨ, ਕੁਝ ਕਲੀਸੀਆਵਾਂ ਘੱਟ ਹੁੰਦੀਆਂ ਹਨ। ਉਹ ਮੰਡਲੀਆਂ ਵੀ ਜੋ ਆਂਕੜਿਆਂ ਦੇ ਹਿਸਾਬ ਨਾਲ (ਮੈਂਬਰਾਂ, ਹਾਜ਼ਰੀ ਅਤੇ ਚੰਦੇ ਵਿਚ) ਵਧ ਰਹੀਆਂ ਹਨ ਸ਼ਾਇਦ ''ਹਕੀਕਤ'' ਵਿਚ ਵਧ ਨਹੀਂ ਰਹੀਆਂ। ਹੋ ਸਕਦਾ ਹੈ ਕਿ ਉਨ੍ਹਾਂ ਵਿਚ ਮਸੀਹ ਦੀਆਂ ਹੋਰ ਕਲੀਸੀਆਵਾਂ ਵਿੱਚੋਂ ਮੈਂਬਰ ਆ ਰਹੇ ਹੋਣ, ਪਰ ਕਿਸੇ ਨੂੰ ਬਪਤਿਸਮਾ ਨਾ ਦੇ ਰਹੇ ਹੋਣ, ਜਿਸ ਵਿਚ ਕਲੀਸੀਆਵਾਂ ਨੂੰ ਤਾਂ ਲਾਭ ਹੁੰਦਾ ਹੈ, ਪਰ ਬਚਾਏ ਹੋਇਆਂ ਦੀ ਗਿਣਤੀ ਨਹੀਂ ਵਧਦੀ।

ਕਲੀਸੀਆ ਦੇ ਵਿਕਾਸ ਦੀ ਚੁਣੌਤੀ ਵਿਚ ਗੱਲ ਦਾ ਪਤਾ ਲਾਉਣਾ ਸ਼ਾਮਿਲ ਹੈ ਕਿ ਹੌਲੀ ਚਾਲ ਨਾਲ ਵਧਣ ਜਾਂ ਬਿਲਕੁਲ ਵਿਕਾਸ ਨਾ ਕਰਨ ਦੀ ਦਿੱਕਤ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ।

ਇਸ ਮੁਸ਼ਕਿਲ ਦਾ ਹੱਲ ਕਰਨ ਤੋਂ ਪਹਿਲਾਂ, ਸਾਨੂੰ ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਖ਼ੁਦਾ ਕਲੀਸੀਆ ਦੇ ਵਧਣ ਦੀ ਆਗਿਆ ਨਹੀਂ ਦਿੰਦਾ। ਇਸ ਦੇ ਇਲਾਵਾ ਖ਼ੁਦਾ ਚਾਹੁੰਦਾ ਹੈ ਕਿ ਕਲੀਸੀਆ ਵਫ਼ਾਦਾਰ ਬਣੀ ਰਹੇ। ਉਹ ਆਗਿਆ ਦਿੰਦਾ ਹੈ ਕਿ ਅਸੀਂ ਵਫ਼ਾਦਾਰ ਬਣੇ

ਰਹੀਏ। ਉਹਦੇ ਵਚਨ ਦਾ ਪ੍ਰਚਾਰ ਕਰਦੇ ਅਤੇ ਸਿਖਾਉਂਦੇ ਰਹੀਏ। ਉਹ ਆਗਿਆ ਦਿੰਦਾ ਹੈ ਕਿ ਅਸੀਂ ਵਿਸ਼ਵਾਸ ਵਿਚ ਬਣੇ ਰਹਿ ਕੇ ਉਸ ਦੇ ਵਚਨ ਦਾ ਪ੍ਰਚਾਰ ਕਰਦੇ ਅਤੇ ਸਿਖਾਉਂਦੇ ਰਹੀਏ। ਇਹ ਸੰਭਵ ਹੈ ਕਿ ਕਲੀਸੀਆ ਵਫ਼ਾਦਾਰ ਰਹਿ ਕੇ ਖ਼ੁਦਾ ਦੇ ਵਚਨ ਦਾ ਪ੍ਰਚਾਰ ਕਰੇ ਅਤੇ ਗਿਣਤੀ ਵਿਚ ਵਧੇ ਬਿਨਾ ਵੀ ਉਸ ਨੂੰ ਖੁਸ਼ ਕਰ ਸਕੇ। ਫਿਰ ਵੀ ਕਿਉਂਕਿ ਉਹ ਚਾਹੁੰਦਾ ਹੈ ਕਿ ਕਲੀਸੀਆ ਵਧੇ (ਗਿਣਤੀ ਵਿਚ ਵੀ), ਇਸ ਲਈ ਸਾਡੇ ਲਈ ਵਿਕਾਸ ਕਰਨ ਦੇ ਤਰੀਕੇ ਲੱਭਣੇ ਚੰਗੀ ਗੱਲ ਹੈ। ਹੇਠਾਂ ਕੁਝ ਸੁਝਾਅ ਦਿੱਤੇ ਗਏ ਹਨ ਜੇ ਅਸੀਂ ਉਨ੍ਹਾਂ ਨੂੰ ਅਮਲੀ ਰੂਪ ਦਈਏ, ਤਾਂ ਉਸ ਨਾਲ ਕਲੀਸੀਆ ਦੇ ਵਿਕਾਸ ਵਿਚ ਮਦਦ ਮਿਲ ਸਕਦੀ ਹੈ। ਆਓ ਕਲੀਸੀਆ ਦੇ ਵਧਣ ਦੇ ਇਨ੍ਹਾਂ ਸੱਤ ਕਦਮਾਂ ਦਾ ਮੁਲਾਂਕਣ ਕਰੀਏ।[3]

## ਕਦਮ 1: ਸਮਝੋ ਕਿ ਖੁਦਾ ਕਲੀਸੀਆ ਦਾ ਵਿਕਾਸ ਚਾਹੁੰਦਾ ਹੈ

ਪਹਿਲੀ ਗੱਲ, ਸਾਨੂੰ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਮਨੁੱਖ ਜਾਤੀ ਲਈ ਖ਼ੁਦਾ ਦੀ ਇੱਛਾ ਇਹ ਹੈ ਕਿ ਗੁਆਚੇ ਹੋਏ ਬਚਾਏ ਜਾਣ (ਲੂਕਾ 19:10; 2 ਪਤਰਸ 3:9)। ਖ਼ੁਦਾ ਨੇ ਹਰ ਕੌਮ ਦੇ ਗੁਆਚੇ ਹੋਇਆਂ ਲਈ ਆਪਣੀ ਦਿਲਚਸਪੀ ਵਿਖਾ ਕੇ ਕਲੀਸੀਆ ਦੇ ਵਿਕਾਸ ਵਿਚ ਆਪਣੀ ਦਿਲਚਸਪੀ ਵਿਖਾ ਦਿੱਤੀ ਹੈ। ਉਸ ਨੇ ਅਬਰਾਹਾਮ ਨੂੰ ਬੁਲਾਇਆ ਤਾਂ ਜੋ ''ਧਰਤੀ ਦੇ ਸਾਰੇ ਘਰਾਣੇ'' ਬਰਕਤ ਪਾਉਣ (ਉਤਪਤ 12:3)। ਉਸਨੇ ਆਪਣੀ ਇੱਛਾ ਦਾ ਸੰਕੇਤ ਦਿੱਤਾ ਕਿ ਉਸ ਦੇ ਉਪਦੇਸ਼ ਅਤੇ ਰਾਜ ਦਾ ਫੈਲਾਉ ਸਾਰੇ ਜਗਤ ਵਿਚ ਹੋਵੇ (ਯਸਾਯਾਹ 11:9; ਹਬੱਕੂਕ 2:14; ਦਾਨੀਏਲ 2:35)। ਯਿਸੂ ਨੇ ਸਿਖਾਇਆ ਕਿ ਰਾਜ ਰਾਈ ਦੇ ਬੀਜ ਅਤੇ ਖਮੀਰ ਵਾਂਗ ਵਧੇਗਾ (ਮੱਤੀ 13:31-33) । ਆਪਣੇ ਚੇਲਿਆਂ ਲਈ ਉਸਦੀ ਅੱਗੇ ਵਧਣ ਦੀ ਆਗਿਆ ਇਹ ਸੀ ਕਿ ''ਸਭ ਕੌਮਾਂ ਦੇ ਲੋਕਾਂ ਨੂੰ ਚੇਲੇ ਬਣਾਓ'' (ਮੱਤੀ 28:19; ਮਰਕੁਸ 16:15; ਲੂਕਾ 24:47)। ਰਸੂਲ ''ਧਰਤੀ ਦੇ ਕੰਢੇ ਤਕ'' ਉਸ ਦੇ ਗਵਾਹ ਸਨ (ਰਸੂਲਾਂ ਦੇ ਕੰਮ 1:8)। ਅਖੀਰ ਸੁਰਗ ਵਿਚ ''ਹਰੇਕ ਕੌਮ, ਅਤੇ ਗੋਤ, ਅਤੇ ਲੋਕ ਅਤੇ ਭਾਖਿਆ ਵਿੱਚੋਂ ... ਚਿੱਟੇ ਬਸਤਰ ਪਹਿਨੇ, ... ਸਿੰਘਾਸਣ ਅਤੇ ਲੇਲੇ ਦੇ ਸਾਹਮਣੇ'' ਖੜੀ ਹੈ (ਪ੍ਰਕਾਸ਼ ਦੀ ਪੋਥੀ 7:9)।

ਕਲੀਸੀਆ ਦੇ ਵਿਕਾਸ ਵਿਚ ਖ਼ੁਦਾ ਦੀ ਦਿਲਚਸਪੀ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਹੋਰ ਵੀ ਸਾਫ਼ ਹੈ, ਜਿੱਥੇ ਉਸ ਨੇ ਲੂਕਾ ਦੀ ਕਿਤਾਬ ਵਿਚ ਕਈ ਥਾਂ ''ਵਿਕਾਸ ਦੀ ਰਿਪੋਟ'' ਸ਼ਾਮਿਲ ਕਰਨ ਦੀ ਪ੍ਰੇਰਣਾ ਦਿੱਤੀ। ਪੈਂਟੀਕਾਸਟ ਵਾਲੇ ਦਿਨ ਲਗਭਗ 3000 ਲੋਕ ਮਸੀਹੀ ਬਣੇ ਸਨ (ਰਸੂਲਾਂ ਦੇ ਕੰਮ 2:41)। ਹਰ ਰੋਜ਼ ਉਸ ਵਿਚ ਲੋਕ ਮਿਲਾਏ ਜਾਣ ਕਰਕੇ (2:47) ਛੇਤੀ ਹੀ ਕਲੀਸੀਆ ਵਿਚ ਮਰਦਾਂ ਦੀ ਗਿਣਤੀ 5000 ਹੋ ਗਈ ਸੀ (4:4)। ਉਸ ਦੇ ਬਾਅਦ ਤਾਂ ਦੇਹ ਵਿਚ ਅਣਗਿਣਤ ਮਰਦਾਂ ਅਤੇ ਔਰਤਾਂ ਨੂੰ ਮਿਲਾਇਆ ਜਾਂਦਾ ਸੀ (5:14) ਅਤੇ ਚੇਲਿਆਂ ਦੀ ਗਿਣਤੀ ਲਗਾਤਾਰ ਵਧਦੀ ਹੀ ਜਾ ਰਹੀ ਸੀ (6:1, 7; 9:31; 16:5)। ਵੱਖ ਵੱਖ ਥਾਂਈਂ ਬਣਨ ਵਾਲੇ ਮਸੀਹੀ ''ਬਥੇਰੇ'' (9:42), ''ਬਹੁਤ ਸਾਰੇ ਚੇਲੇ'' (11:21), ''ਬਹੁਤ ਸਾਰੇ ਲੋਕ'' (11:24), ''ਬਹੁਤ'' (14:1), ''ਬਹੁਤ ਸਾਰੇ ਚੇਲੇ'' (14:21), ''ਕਿਨੇ ... ਬਥੇਰੇ ... ਅਤੇ ਬਹੁਤ ਸਾਰੇ'' (17:4), ''ਬਹੁਤ'' (17:12) ਅਤੇ ''ਬਹੁਤ ਸਾਰੇ'' (18:8) ਸਨ। ਨਤੀਜਾ ਇਹ ਹੋਇਆ ਕਿ ਖ਼ੁਦਾ ਦਾ ਵਚਨ

ਵਧਿਆ ''ਫੈਲਦਾ ਗਿਆ'' (12:24), ''ਸਾਰੇ ਦੇਸ਼ ਵਿਚ ਫੈਲਣ ਲੱਗਾ'' (13:49), ਅਤੇ ''ਇਸ ਤਰ੍ਹਾਂ ਪ੍ਰਭੂ ਦਾ ਵਚਨ ਵਧਿਆ ਅਤੇ ਪਰਬਲ ਹੋਇਆ'' (19:20)।

ਗੁਆਚਿਆਂ ਹੋਇਆਂ ਲਈ ਖ਼ੁਦਾ ਦੀ ਚਿੰਤਾ ਮਸੀਹ ਵਿਚ ਵੀ ਸਾਫ਼ ਹੈ, ਜੋ ''ਖ਼ੁਦਾ ਸਾਡੇ ਨਾਲ'' ਹੈ। ਕਲੀਸੀਆ ਦੇ ਵਧਣ ਵਿਚ ਯਿਸੂ ਦੀ ਦਿਲਚਸਪੀ ਇਵੇਂ ਵਿਖਾਈ ਗਈ ਹੈ:

*ਮਸੀਹ ਨੂੰ ਪਸੰਦ ਨਹੀਂ ...*

- ਬਿਨਾ ਸ਼ਿਕਾਰ ਦੇ ਮੱਛੀ ਫੜ੍ਹਨਾ
- ਦਾਅਵਤ ਦੀ ਖਾਲੀ ਮੇਜ਼
- ਬਿਨਾ ਬੀਜੇ ਵੱਢਣਾ
- ਬਗ਼ੈਰ ਫ਼ਲ ਵਾਲਾ ਅੰਜੀਰ ਦਾ ਰੁੱਖ
- ਗੁਆਚੀਆਂ ਭੇਡਾਂ ਜੋ ਵਾਪਿਸ ਵਾੜੇ ਵਿਚ ਨਹੀਂ ਆਉਂਦੀਆਂ।
- ਗੁਆਚਿਆ ਹੋਇਆ ਸਿੱਕਾ ਜਿਸ ਨੂੰ ਲੱਭਿਆ ਗਿਆ ਪਰ ਮਿਲਿਆ ਨਹੀਂ
- ਫ਼ਸਲ ਜੋ ਤਿਆਰ ਨਹੀਂ ਹੈ
- ਬਿਨਾ ਮੰਨੇ ਪ੍ਰਚਾਰ
- ਪਿਤਾ ਦੇ ਘਰ ਦੇ ਬਾਹਰ ਰਹਿਣ ਵਾਲਾ ਛੋਟਾ ਬੇਟਾ।[4]

ਬੇਸ਼ੱਕ ਖ਼ੁਦਾ ਸਿਰਫ਼ ਗਿਣਤੀ ਦੇ ਵਧਣ ਵਿਚ ਹੀ ਦਿਲਚਸਪੀ ਨਹੀਂ ਲੈਂਦਾ; ਉਹ ਕਲੀਸੀਆ ਦਾ ਰੂਹਾਨੀ ਵਿਕਾਸ ਵੀ ਚਾਹੁੰਦਾ ਹੈ (ਅਫ਼ਸੀਆਂ 4:11-16)। ਨਾ ਹੀ ਉਹ ਸਾਥੋਂ ਇਹ ਚਾਹੁੰਦਾ ਹੈ ਕਿ ਅਸੀਂ ਗਿਣਤੀ ਵਧਾਉਣ ਲਈ ਸਚਿਆਈ ਨੂੰ ਕੁਰਬਾਨ ਕਰੀਏ (ਯੂਹੰਨਾ 17:17)। ਤਾਂ ਵੀ ਜੇ ਅਸੀਂ ਗੁਆਚਿਆਂ ਹੋਇਆਂ ਵਿਚ ਖ਼ੁਦਾ ਦੇ ਪਿਆਰ ਨੂੰ ਵੰਡਣਾ ਚਾਹੁੰਦੇ ਹਾਂ, ਤਾਂ ਸਾਨੂੰ ਚਾਹੀਦਾ ਹੈ ਜਿੰਨੇ ਗੁਆਚੇ ਹੋਇਆਂ ਨੂੰ ਬਚਾਉਣ ਲਈ ਭਾਲ ਸਕੀਏ ਉਨ੍ਹਾਂ ਨੂੰ ਭਾਲ ਕੇ ਕਲੀਸੀਆ ਦੀ ਗਿਣਤੀ ਵਧਾਉਣ ਵਿਚ ਵੀ ਦਿਲਚਸਪੀ ਲਈਏ।

## ਕਦਮ 2: ਦੁਆ

ਜੇ ਕਲੀਸੀਆ ਵਧਣਾ ਚਾਹੁੰਦੀ ਹੈ ਤਾਂ ਉਸ ਨੂੰ ਦੁਆ ਕਰਨੀ ਚਾਹਦੀ ਹੈ। ਕਿਉਂ? ਪਹਿਲੀ ਗੱਲ ਕਲੀਸੀਆ ਦਾ ਵਿਕਾਸ ਸਾਡੇ ਤੇ ਨਿਰਭਰ ਨਹੀਂ ਹੈ। ਇਸ ਦਾ ਵਿਕਾਸ ਸੁਣਨ ਵਾਲਿਆਂ ਦੇ ਵਚਨ ਨੂੰ ਮੰਨਣ ਤੇ ਹੈ। ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ (ਮੱਤੀ 13:1-23) ਸਾਨੂੰ ਸਿਖਾਉਂਦਾ ਹੈ ਕਿ ਇੱਕੋ ਕਿਸਮ ਦਾ ਬੀਜ ਬੀਜਣ ਵਾਲਾ ਵੱਖੋ-ਵੱਖੋ ਢੰਗਾਂ ਦੀ ਵਰਤੋਂ ਕਰਕੇ ਉਸ ਬੀਜ਼ ਨੂੰ ਬੀਜਦਾ ਹੈ, ਅਤੇ ਨਤੀਜੇ ਸੁਣਨ ਵਾਲਿਆਂ ਦੇ ਮੰਨਣ ਮੁਤਾਬਕ ਵੱਖੋ-ਵੱਖ ਹੋਵੇਗਾ। ਇਹ ਖ਼ੁਦਾ ਤੇ ਹੈ, ਕਿਉਂਕਿ ਵਧਾਉਣ ਵਾਲਾ ਉਹੀ ਹੈ (1 ਕੁਰਿੰਥੀਆਂ 3:6)। ਸਾਨੂੰ ਵਚਨ ਨੂੰ ਮੰਨਣ ਵਾਲੇ ਦਿਲਾਂ ਲਈ ਦੁਆ ਕਰਨ ਦੀ ਲੋੜ ਹੈ ਅਤੇ ਇਹ ਵੀ ਕਿ ਖ਼ੁਦਾ ਚੰਗੀ ਫ਼ਸਲ ਦੇਵੇ। *ਦੂਜਾ, ਦੁਆ ਕਰਨ ਦਾ ਅਸਰ ਹੁੰਦਾ ਹੈ।* ਬਾਈਬਲ ਸਿਖਾਉਂਦੀ ਹੈ ਕਿ ਜੇ ਅਸੀਂ ਮੰਗੀਏ, ਲੱਭੀਏ ਅਤੇ ਖੜਕਾਈਏ, ਤਾਂ ਸਾਨੂੰ ਉਹ ਮਿਲ ਜਾਏਗਾ ਜਿਸ ਦੀ ਸਾਨੂੰ ਖੋਜ ਹੁੰਦੀ ਹੈ (ਮੱਤੀ 7:7, 8)। ਜੇ ਅਸੀਂ ਖ਼ੁਦਾ ਦੀ ਇੱਛਾ ਮੁਤਾਬਕ ਮੰਗ ਰਹੇ ਹਾਂ ਤਾਂ ਸਾਨੂੰ ਪਤਾ ਲਗ ਸਕਦਾ ਹੈ ਕਿ ਉਹ ਸਾਡੀ ਸੁਣਦਾ ਹੈ ਅਤੇ ਜੋ ਕੁਝ ਅਸੀਂ ਮੰਗਿਆ ਸੀ ਉਹ ਸਾਨੂੰ ਮਿਲ ਗਿਆ

ਹੈ (1 ਯੂਹੰਨਾ 5:14, 15)। *ਤੀਜਾ, ਯਿਸੂ ਨੇ ਸਾਨੂੰ ਦੱਸਿਆ ਕਿ ''ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ''* (*ਮੱਤੀ 9:38*)। ਜੇ ਕਲੀਸੀਆ ਦੇ ਆਗੂ ਸਚਮੁਚ ਕਲੀਸੀਆ ਨੂੰ ਵਧਦੇ ਵੇਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਕਲੀਸੀਆ ਨੂੰ ਦੁਆ ਲਈ ਉਤਸ਼ਾਹਿਤ ਕਰਕੇ ਸ਼ੁਰੂ ਕਰਨ ਦਾ ਸਭ ਤੋਂ ਵਧੀਆ ਢੰਗ ਹੈ।

## ਕਦਮ 3: ਕਲੀਸੀਆ ਦੇ ਵਧਣ ਵਿਚ ਮਦਦ ਕਰਨ ਦਾ ਧਾਰ ਲਓ

ਕਲੀਸੀਆ ਦੇ ਵਿਕਾਸ ਲਈ, ਹਰ ਮੈਂਬਰ ਨੂੰ ਵਧਣ ਵਿਚ ਮਦਦ ਦੇਣ ਦਾ ਫ਼ੈਸਲਾ ਕਰਨਾ ਜ਼ਰੂਰੀ ਹੈ। ਕਲੀਸੀਆ ਦੇ ਵਿਕਾਸ ਤੇ ਹੋਏ ਅਧਿਐਨਾਂ ਤੋਂ ਸੰਕੇਤ ਮਿਲਦਾ ਹੈ ਕਿ ਜਿੱਥੇ ਕਿਤੇ ਵੀ ਕਲੀਸੀਆ ਵਧਦੀ ਹੈ, ਆਮ ਤੌਰ ਤੇ ਇਹ ਇਕ ਬੰਦੇ (ਆਮ ਤੌਰ ਤੇ ਮਿਸ਼ਨਰੀ, ਪ੍ਰਚਾਰਕ, ਜਾਂ ਕਲੀਸੀਆ ਦੇ ਹੋਰ ਆਗੂ) ਦੇ ਸਖ਼ਤ ਫ਼ੈਸਲੇ ਕਰਕੇ ਹੀ ਵਧਦੀ ਹੈ। ਖ਼ੁਦਾ ਦੀ ਮਦਦ ਨਾਲ ਕਲੀਸੀਆ ਦੇ ਵਿਕਾਸ ਵਿਚ ਠੋਸ ਫ਼ੈਸਲਾ ਲੈਣ ਵਾਲੇ ਮੈਂਬਰ, ਕਿਸੇ ਵੀ ਮੰਡਲੀ ਵਿਚ ਵਿਕਾਸ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ।

ਕਿਸੇ ਮੈਂਬਰ ਨੂੰ ਕਲੀਸੀਆ ਦੇ ਵਧਣ ਵਿਚ ਮਦਦ ਸ਼ੁਰੂ ਕਰਨ ਲਈ ਕਿਸੇ ਦੇ ਕਹਿਣ ਦੀ ਉਡੀਕ ਨਹੀਂ ਕਰਨੀ ਚਾਹੀਦੀ। ਉਹ ਫ਼ੌਰਨ ਸ਼ੁਰੂ ਕਰ ਸਕਦਾ ਹੈ। ਇਸ ਲਈ ਸਿਰਫ਼ ਮਸੀਹ ਦੀ ਮਦਦ ਨਾਲ ਉਹ ਕੰਮ ਕਰਨ ਦਾ ਫ਼ੈਸਲਾ ਕਰਨਾ ਹੈ ਜੋ ਉਹ ਕਰ ਸਕਦਾ ਭਾਵ ਵਫ਼ਾਦਾਰ ਰਹਿਣਾ; ਰੂਹਾਨੀ ਵਿਕਾਸ ਕਰਨਾ; ਕਮਜ਼ੋਰਾਂ ਨੂੰ ਹੱਲਾਸ਼ੇਰੀ ਦੇਣਾ; ਭਟਕਿਆਂ ਨੂੰ ਵਾਪਿਸ ਲਿਆਉਣਾ; ਅਤੇ ਗੁਆਚੇ ਹੋਇਆਂ ਨੂੰ ਜਿੱਤਣਾ। ਮਸੀਹੀ ਲੋਕਾਂ ਨੂੰ ਇਹੋ ਜਿਹੇ ਭਲੇ ਕੰਮ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਜੇ ਮਸੀਹੀ ਲੋਕ ਇਹ ਕੰਮ ਕਰਦੇ ਹਨ ਤਾਂ ਕਲੀਸੀਆ ਵਧੇਗੀ ਹੀ, ਦੂਜੇ ਭਾਵੇਂ ਕੁਝ ਵੀ ਕਰਨ ਜਾਂ ਕਰਨ ਵਿਚ ਨਾਕਾਮ ਨਾ ਹੋਣ।

## ਕਦਮ 4: ਕਲੀਸੀਆ ਦੇ ਵਿਕਾਸ ਦੇ ਟੀਚੇ ਨਿਰਧਾਰਿਤ ਕਰੋ

ਟੀਚੇ ਨਿਰਧਾਰਿਤ ਕਰਨੇ[5] ਉਸ ਪ੍ਰਕ੍ਰਿਆ ਦਾ ਇਕ ਭਾਗ ਹੈ ਜੋ ਕਦਮ ਚਾਰ ਤੋਂ ਸੱਤ ਤਕ ਚਲਦੀ ਰਹਿੰਦੀ ਹੈ। ਅਸੀਂ ਇਸ ਨੂੰ ਇੱਥੇ ਇਸ ਲਈ ਲੈ ਰਹੇ ਹਾਂ; ਕਿਉਂਕਿ ਕਲੀਸੀਆ ਦੇ ਵਧਣ ਦੀ ਯੋਗਤਾ ਦੀ ਪ੍ਰਕ੍ਰਿਆ ਦੇ ਸ਼ੁਰੂ ਵਿਚ, ਕਲੀਸੀਆ ਨੂੰ ਦੂਰ ਤਕ ਦੇ ਟੀਚਿਆਂ ਤੇ ਵਿਚਾਰ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਹਰ ਮੈਂਬਰ ਨੂੰ ਮੰਡਲੀ ਦੀ ਯੋਜਨਾ ਅਤੇ ਟੀਚੇ ਨਿਰਧਾਰਿਤ ਕਰਨ ਲਈ ਸੱਦੀਆਂ ਸਭਾਵਾਂ ਵਿਚ ਸ਼ਾਮਿਲ ਹੋਣ ਦਾ ਮੌਕਾ ਮਿਲਣਾ ਚਾਹੀਦਾ ਹੈ। ਕਲੀਸੀਆ ਦੇ ਆਗੂ ਆਖਰੀ ਟੀਚਿਆਂ ਲਈ, ਲੰਮੇਂ ਵਕਫ਼ੇ ਦੇ ਟੀਚਿਆਂ, ਥੋੜ੍ਹੀ ਦੇਰ ਦੇ ਟੀਚਿਆਂ, ਅਤੇ ਸਹਾਇਕ ਟੀਚਿਆਂ ਨੂੰ ਬਣਾਉਣ ਤਕ ਮੈਂਬਰਾਂ ਦੀ ਸਲਾਹ ਨਾਲ ਉਨ੍ਹਾਂ ਵਿਚ ਸੁਧਾਰ ਕਰ ਸਕਦੇ ਹਨ। ਇਹ ਟੀਚਿਆਂ ਵਿਚ ਵਿਕਾਸ ਲਈ ਕਲੀਸੀਆ ਦੀ ਯੋਜਨਾ ਬਣ ਜਾਵੇਗੀ। ਫਿਰ ਉਹ ਸਾਰੇ ਪ੍ਰੋਗਰਾਮਾਂ ਦਾ ਜੋ ਕਲੀਸੀਆ ਦੇ ਕੰਮਾਂ ਦਾ ਭਾਗ ਬਣਦੇ ਹਨ ਉਹ ਟੀਚਿਆਂ ਮੁਤਾਬਕ ਮੁਲਾਂਕਣ ਕੀਤਾ ਜਾ ਸਕਦਾ ਹੈ। ਜੇ ਉਨ੍ਹਾਂ ਤੋਂ ਕਲੀਸੀਆ ਦੇ ਟੀਚੇ ਪੂਰੇ ਹੁੰਦੇ ਹਨ, ਉਨ੍ਹਾਂ ਨੂੰ ਰੱਖ ਕੇ ਉਨ੍ਹਾਂ ਵਿਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਜੇ ਉਨ੍ਹਾਂ ਤੋਂ ਲਾਭ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਛੱਡ ਦਿਤਾ ਜਾਵੇ।

# ਕਦਮ 5: ਪਿਛਲੇ ਵਿਕਾਸ ਅਤੇ ਮੌਜੂਦਾ ਹਾਲਾਤ ਦਾ ਵਿਸ਼ਲੇਸ਼ਣ ਕਰੋ

ਆਗੂਆਂ ਨੂੰ ਚਾਹੀਦਾ ਹੈ ਕਿ ਕਲੀਸੀਆ ਦੇ ਵਿਕਾਸ ਦੀ ਕਿਸੇ ਖਾਸ ਯੋਜਨਾ ਨੂੰ ਨਿਰਧਾਰਤ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ, ਇਹ ਵਿਚਾਰ ਕਰ ਲੈਣ ਕਿ ਕਲੀਸੀਆ ਨੇ ਪਹਿਲਾਂ ਕਿਵੇਂ ਕੀਤਾ ਹੈ ਅਤੇ ਹੁਣ ਕਿਵੇਂ ਕਰ ਰਹੀ ਹੈ। ਜਦ ਤਕ ਉਨ੍ਹਾਂ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਉਹ ਕਿੱਥੇ ਹਨ ਅਤੇ ਇਸ ਸਮੇਂ ਕੀ ਪ੍ਰਬੰਧ ਪ੍ਰਾਪਤ ਹਨ, ਤਦ ਤਕ ਉਹ ਉੱਥੇ ਨਹੀਂ ਪਹੁੰਚ ਸਕਦੇ ਜਿੱਥੇ ਜਾਣਾ ਚਾਹੁੰਦੇ ਹਨ।

### ਪਿਛਲੇ ਵਿਕਾਸ ਦਾ ਵਿਸ਼ਲੇਸ਼ਣ ਕਰੋ

ਪਿਛਲੇ ਵਿਕਾਸ ਦਾ ਵਿਸ਼ਲੇਸ਼ਣ ਕਰਨ ਲਈ, ਪਿਛਲੇ ਸਾਲ ਵਿਚ ਹੁਣ ਤਕ ਕਲੀਸੀਆ ਦੀ ਵਿਕਾਸ ਨੂੰ ਦਰਸਾਉਂਦਾ ਹੋਇਆ, ਵਿਕਾਸ ਦਾ ਇਕ ਚਾਰਟ ਬਣਾਇਆ ਜਾ ਸਕਦਾ ਹੈ। ਉਦਾਹਰਣ ਲਈ ਪਿਛਲੇ ਪੰਦਰਾਂ ਸਾਲਾਂ ਵਿਚ ਹਰ ਸਾਲ ਐਤਵਾਰ ਸਵੇਰ ਦੀ ਔਸਤ ਹਾਜ਼ਰੀ[6] ਦੀ ਵਰਤੋਂ ਕਰਕੇ ਅਜਿਹਾ ਕੀਤਾ ਜਾ ਸਕਦਾ ਹੈ। ਫਿਰ ਆਗੂ ਦੇਖ ਸਕਦੇ ਹਨ ਕਿ ਕੀ ਗ੍ਰਾਫ਼ ਦੀ ਰੇਖਾ ਉੱਪਰ ਜਾਂਦੀ ਹੈ ਜਾਂ ਹੇਠਾਂ, ਜਾਂ ਬਹੁਤ ਸਾਰੇ ''ਉੱਤੇ'' ਅਤੇ ''ਹੇਠਾਂ'' ਜਾਣ ਦੇ ਸੰਕੇਤ ਹਨ। ਉਸ ਦੇ ਬਾਅਦ ਉਹ ਇਹ ਤੈਅ ਕਰ ਸਕਦੇ ਹਨ ਕਿ ਉਸ ਸਮੇਂ ਦੌਰਾਨ ਕਿੰਨੇ ਲੋਕ ਕਲੀਸੀਆ ਵਿਚ ਆਏ ਅਤੇ ਕਿਵੇਂ ਆਏ। ਕੀ ਉਹ ਬਪਤਿਸਮਾ ਲੈਣ (ਕਲੀਸੀਆ ਦੇ ਪਰਿਵਾਰਾਂ ਜਾਂ ''ਬਾਹਰੋਂ''), ਸਿਖਾਏ ਜਾਣ ਨਾਲ, ਜਾਂ ਮੈਂਬਰਸ਼ਿਪ ਲੈਣ ਆਏ ਸੀ? ਉਹ ਤੈਅ ਕਰ ਸਕਦੇ ਹਨ ਕਿ ਕਿੰਨੇ ਲੋਕ ਕਲੀਸੀਆ ਤੋਂ ਬਾਹਰ ਗਏ ਅਤੇ ਕਿਉਂ ਗਏ (ਮਰੇ, ਬੇਦੀਨ ਹੋਏ; ਜਾਂ ਬਦਲੀ ਹੋਣ ਕਰਕੇ)। ਆਖਿਰ ਵਿਚ, ਉਹ ਪੁੱਛ ਸਕਦੇ ਹਨ ਕਿ ਗ੍ਰਾਫ਼ ਵਿਚ ਐਨੇ ''ਉੱਪਰ'' ਜਾਂ ''ਹੇਠਾਂ'' ਕਿਉਂ ਹਨ? ਕਲੀਸੀਆ ਨਵੇਂ ਮੈਂਬਰਾਂ ਨੂੰ ਲਿਆਉਣ ਵਿਚ ਕਿਉਂ ਕਾਮਯਾਬ ਜਾਂ ਨਾਕਾਮ ਰਹੀ? ਕਲੀਸੀਆ ਦੇ ਮੈਂਬਰਾਂ ਦੀ ਗਿਣਤੀ ਘੱਟ ਕਿਉਂ ਹੋਈ? ਹੋ ਸਕਦਾ ਹੈ ਕਿ ਇਸ ਦੇ ਕਾਰਣ ਸੇਵਕ (ਕਲੀਸੀਆ ਦੇ ਆਗੂ; ਪ੍ਰਚਾਰਕ ਜਾਂ ਮੈਂਬਰ), ਪ੍ਰੋਗਰਾਮ, ਜਾਂ ਇਲਾਕੇ ਦੀ ਅਬਾਦੀ (ਅਤੇ ਇਸ ਦਾ ਸੁਭਾਅ, ਜੇ ਬਦਲ ਗਿਆ ਹੈ) ਹੋਵੇ।

ਪਿਛਲੇ ਵਿਕਾਸ ਦਾ ਵਿਸ਼ਲੇਸ਼ਣ ਕਰਨ ਦਾ ਕੀ ਲਾਭ ਹੈ? ਇਸ ਨਾਲ ਕਲੀਸੀਆ ਨੂੰ ਕੁਝ ਉਤਸ਼ਾਹ ਮਿਲ ਸਕਦਾ ਹੈ। ਆਗੂਆਂ ਨੂੰ ਪਤਾ ਲਗ ਸਕਦਾ ਹੈ ਕਿ ਕਲੀਸੀਆ ਅਸਲ ਵਿਚ ਉਸ ਨਾਲੋਂ ਬੇਹਤਰ ਕਰ ਰਹੀ ਹੈ ਜੋ ਉਨ੍ਹਾਂ ਨੇ ਲੋਕਾਂ ਨੂੰ ਬਪਤਿਸਮਾ ਦੇਣ ਸਮੇਂ ਅਤੇ ਉਨ੍ਹਾਂ ਨੂੰ ਵਿਸ਼ਵਾਸ ਵਿਚ ਰੱਖ ਕੇ ਕੀਤਾ ਸੀ; ਉਨ੍ਹਾਂ ਨੂੰ ਇਹ ਵੀ ਪਤਾ ਲਗ ਸਕਦਾ ਹੈ ਕਿ ਬਹੁਤ ਸਾਰੇ ਹੋਰ ਮੈਂਬਰ ਵੀ ਬਦਲੀ ਹੋ ਕੇ ਕਿਸੇ ਦੂਜੇ ਸ਼ਹਿਰ ਵਿਚ ਚੱਲੇ ਗਏ ਹੋਣ- ਜਿਹਦੇ ਲਈ ਕਿਸੇ ਵੀ ਤਰ੍ਹਾਂ ਕਲੀਸੀਆ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸ ਲਈ ਇਹ ਸੁਝਾਅ ਵੀ ਮਿਲ ਸਕਦਾ ਹੈ ਕਿ ਕਿਨ੍ਹਾਂ ਪ੍ਰੋਗਰਾਮਾਂ ਨੂੰ ਦੁਹਰਾਇਆ ਜਾਵੇ ਅਤੇ ਭਵਿੱਖ ਵਿਚ ਕਿਹੜੇ ਪ੍ਰੋਗਰਾਮ ਛੱਡ ਦਿੱਤੇ ਜਾਣੇ ਚਾਹੀਦੇ ਹਨ। ਕਿਸੇ ਵੀ ਦੂਜੀ ਥਾਂ ਵਾਂਗ ਕਲੀਸੀਆ ਵਿਚ ਵੀ, ਹੋ ਸਕਦਾ ਹੈ ਕਿ ਜੇ ਅਸੀਂ ਬੀਤੇ ਸਮੇਂ ਤੋਂ ਕੁਝ ਸਿੱਖਦੇ, ਤਾਂ ਸਾਨੂੰ ਫੇਰ ਤੋਂ ਉਸ ਨੂੰ ਦੁਹਰਾਉਣ ਦਾ ਖਤਰਾ ਚੁੱਕਣਾ ਪਵੇਗਾ।

**ਮੌਜੂਦਾ ਹਾਲਾਤ ਦਾ ਵਿਸ਼ਲੇਸ਼ਣ ਕਰੋ**

ਕਲੀਸੀਆ ਦੇ ਵਰਤਮਾਨ ਹਾਲਤ ਦੇ ਦੋ ਪਹਿਲੂਆਂ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਭਾਵ ਆਪਣੀ ਅਸਲ ਹਾਲਤ ਅਤੇ ਆਪਣੀ ਤਾਕਤ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ।

*ਕਲੀਸੀਆ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਕਲੀਸੀਆ ਦੀ ਅਸਲ ਹਾਲਤ ਦੀ ਪੜਤਾਲ ਕਰਨ ਦੇ ਲਈ ਇਹ ਪੁੱਛੋ ਕਿ ''ਅਸੀਂ ਕਿਵੇਂ ਕਰ ਰਹੇ ਹਾਂ?''* ਇਸ ਚੈਕ ਲਿਸਟ ਤੋਂ ਵਿਕਾਸ ਦੇ ਤਿੰਨ ਖੇਤਰਾਂ ਦਾ ਮੁਲਾਂਕਣ ਕਰਨ ਵਿਚ ਮਦਦ ਮਿਲੇਗੀ:

*ਗਿਣਤੀ ਦੇ ਵਧਣ ਦਾ ਵਿਸ਼ਲੇਸ਼ਣ ਕਰੋ:* (1) ਮੌਜੂਦਾ ਮੈਂਬਰਸ਼ਿਪ ਕਿੰਨੀ ਹੈ ਅਤੇ ਕਿੰਨੇ ਲੋਕ ਬੰਦਗੀ ਵਿਚ ਹਾਜ਼ਿਰ ਹੋਏ ਹਨ? (2) ਕਿੰਨੇ ਲੋਕਾਂ ਨੇ ਇਨ੍ਹਾਂ ਦਿਨਾਂ ਦੌਰਾਨ ਵਚਨ ਨੂੰ ਮੰਨਿਆ ਹੈ? (3) ਬੀਤੇ ਸਾਲ ਦੌਰਾਨ ਮੈਂਬਰਸ਼ਿਪ, ਹਾਜ਼ਰੀ ਅਤੇ ਵਚਨ ਨੂੰ ਮੰਨਣ ਵਾਲਿਆਂ ਦੀ ਗਿਣਤੀ ਕੀ ਹੈ? (4) ਬੀਤੇ ਸਾਲ ਕਿੰਨੇ ਲੋਕ ਕਲੀਸੀਆ ਨੂੰ ਛੱਡ ਗਏ।

*ਰੂਹਾਨੀ ਵਿਕਾਸ ਦਾ ਵਿਸ਼ਲੇਸ਼ਣ ਕਰੋ:* (1) ਹਾਜ਼ਰੀ, ਚੰਦਾ, ਲੋਕਾਂ ਦੀ ਹਿੱਸੇਦਾਰੀ ਅਤੇ ਕੁੱਲ ਮਿਲਾ ਕੇ ਮੰਡਲੀ ਦੇ ਮਸੀਹ ਵਰਗੇ ਵਿਹਾਰ ਦੇ ਪੱਧਰ ਕੀ ਹਨ? (2) ਨਿੱਜੀ ਤੌਰ ਤੇ ਹਰ ਮੈਂਬਰ ਦੇ ਹਾਲਾਤ ਕੀ ਹਨ?

*ਤਰਤੀਬ ਅਨੁਸਾਰ ਵਿਕਾਸ ਦਾ ਵਿਸ਼ਲਸ਼ਣ ਕਰੋ:* ਕੀ ਕਲੀਸੀਆ ਹਰ ਮਸੀਹੀ ਨੂੰ ਉਸ ਨੂੰ ਖ਼ੁਦਾ ਵੱਲੋਂ ਦਿੱਤੇ ਗਏ ਗੁਣਾਂ ਦੀ ਵਰਤੋਂ ਕਰਨ ਲਈ ਸਰੀਰ ਦੇ ਬਹੁਮੁੱਲੀ ਗਤੀਸ਼ੀਲ ਅੰਗ ਬਣਨ ਦਾ ਮੌਕਾ ਦੇ ਰਹੀ ਹੈ? (1) ਕੀ ਨਵੇਂ ਮੈਂਬਰ ਕਲੀਸੀਆ ਦੀਆਂ ਗਤੀਵਿਧੀਆਂ ਵਿਚ ਭਾਗ ਲੈ ਰਹੇ ਹਨ? (2) ਕੀ ਨਵੇਂ ਆਗੂਆਂ, ਸਿਖਾਉਣ ਵਾਲਿਆਂ, ਮਦਦਗਾਰਾਂ ਅਤੇ ਅਗਵਾਈ ਕਰਨ ਵਾਲਿਆਂ ਤੋਂ ਪਿਛਲੇ ਸਾਲਾਂ ਵਿਚ ਸਿੱਖਿਆ ਦੇ ਕੇ ਸੇਵਾ ਲੈਣ ਲੱਗੇ ਹਨ? (3) ਕੀ ਕਲੀਸੀਆ ਦੇ ਗੁਣ ਪ੍ਰਫੁੱਲਤ ਕਰਨ ਲਈ ਸਾਧਨ ਜੁਟਾਏ ਹਨ? (4) ਮੌਜੂਦਾ ਮੈਂਬਰਸ਼ਿਪ ਵਿਚ ਕਿਹੜੇ ਗੁਣ ਹਨ? (5) ਕੀ ਉਸ ਵਿਚ ਅਜਿਹੇ ਗੁਣ ਹਨ ਜਿਨ੍ਹਾਂ ਦੀ ਵਰਤੋਂ ਨਹੀਂ ਹੋ ਰਹੀ? (6) ਕੀ ਹਰ ਮੈਂਬਰ ਨੂੰ ਲੱਗਦਾ ਹੈ ਕਿ ਉਸ ਨੂੰ ਪ੍ਰਭੂ ਦੀ ਸੇਵਾ ਵਿਚ ਉਸ ਦੀਆਂ ਯੋਗਤਾਵਾਂ ਦੀ ਵਰਤੋਂ ਕਰਨ ਦਾ ਮੌਕਾ ਦਿੱਤਾ ਗਿਆ ਹੈ?

*ਕਲੀਸੀਆ ਦੀ ਸਮਰੱਥਾ ਦਾ ਵਿਸ਼ਲੇਸ਼ਣ ਕਰਨ ਲਈ ਪੁੱਛੋ, ''ਸਾਡੇ ਅੱਗੇ ਮੁਸ਼ਕਿਲ ਕੀ ਹੈ?''* ਕਲੀਸੀਆ ਦੀ ਸਮਰੱਥਾ ਵੇਖਣ ਲਈ ਕਲੀਸੀਆ ਦੇ ਆਗੂਆਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ:

*ਕੰਮ ਕਰਨ ਵਾਲਿਆਂ ਬਾਰੇ ਪੁੱਛੋ:* ਇਸ ਸਮੇਂ ਮੈਂਬਰਾਂ ਦੇ ਹਾਲਾਤ ਕੀ ਹਨ? ਮੰਡਲੀ ਦੇ ਮੈਂਬਰ ਕਿਸ ਉਮਰ ਦੇ ਹਨ ਅਤੇ ਉਸ ਵਿਚ ਆਦਮੀਆਂ ਦੀ ਗਿਣਤੀ ਕੀ ਹੈ ਅਤੇ ਔਰਤਾਂ ਕਿੰਨੀਆਂ ਹਨ? ਮੈਂਬਰਾਂ ਦੀ ਸਮਾਜਿਕ ਆਰਥਿਕ ਹਾਲਾਤ, ਪੜ੍ਹਾਈ ਲਿਖਾਈ, ਪਿਛੋਕੜ ਅਤੇ ਕੰਮ ਕਾਜ ਕੀ ਹਨ? ਕਲੀਸੀਆ ਵਿਚ ਪਰਿਵਾਰ ਕਿੰਨੇ ਵੱਡੇ ਹਨ ਅਤੇ ਕਲੀਸੀਆ ਦੇ ਪਰਿਵਾਰ ਇਕ ਦੂਜੇ ਨਾਲ ਕਿਵੇਂ ਜੁੜੇ ਹਨ? ਹਰ ਮੈਂਬਰ ਦੀ ਦਿਲਚਸਪੀ; ਯੋਗਤਾ ਅਤੇ ਗੁਣ ਕੀ ਹਨ? ਕਲੀਸੀਆ ਵਿਚ ਇਸ ਸਮੇਂ ਹਰ ਮੈਂਬਰ ਦੀ ਭੂਮਿਕਾ (ਉਦਾਹਰਣ ਲਈ ਸਿਖਾਉਣ ਵਾਲਾ, ਡੀਕਨ, ਐਲਡਰ) ਕੀ ਹਨ? ਹਰ ਮੈਂਬਰ ਦਾ ਯੋਗਦਾਨ ਪਹਿਲਾਂ ਕੀ ਸੀ?

*ਸੰਭਾਵਨਾਵਾਂ ਬਾਰੇ ਪੁੱਛੋ:* ਬੰਦਗੀ ਲਈ ਬਾਹਰੋਂ ਕਿੰਨੇ ਲੋਕ ਆਉਂਦੇ ਹਨ? ਬਾਈਬਲ ਕਲਾਸਾਂ ਲਈ ਆਉਣ ਵਾਲੇ ਕਿੰਨੇ ਬੱਚੇ ਬਾਹਰੋਂ ਆਉਣ ਵਾਲੇ ਲੋਕਾਂ ਦੇ ਹਨ?

*ਪ੍ਰੋਗਰਾਮਾਂ ਬਾਰੇ ਪੁੱਛੋ:* ਵਚਨ ਦਾ ਪ੍ਰਚਾਰ ਕਰਨ ਅਤੇ ਰੂਹਾਂ ਦੇ ਛੁਟਕਾਰੇ ਲਈ ਕੀ ਕੀਤਾ

ਜਾ ਰਿਹਾ ਹੈ ਅਤੇ ਉਹ ਪ੍ਰੋਗਰਾਮ ਕਿੰਨੇ ਪ੍ਰਭਾਵਸ਼ਾਲੀ ਹਨ?

*ਅਬਾਦੀ ਬਾਰੇ ਪੁੱਛੋ:* ਜਿਸ ਜਗ੍ਹਾ ਕਲੀਸੀਆ ਹੈ ਉੱਥੇ ਦਾ ਸਮਾਜ ਕਿਹੋ ਜਿਹਾ ਹੈ? ਕਿਹੋ ਜਿਹੇ ਲੋਕ ਇੰਜੀਲ ਨੂੰ ਕਬੂਲ ਕਰ ਸਕਦੇ ਹਨ? ਉੱਥੇ ਕਿਹੜੇ ਖਾਸ ਮੌਕੇ ਹਨ?

ਕਲੀਸੀਆ ਦੀ ਮੌਜੂਦਾ ਹਾਲਤ ਭਾਵ ਇਸ ਦੀ ਸਮਰੱਥਾ ਤੋਂ, ਕਲੀਸੀਆ ਦੇ ਆਗੂਆਂ ਨੂੰ ਯੋਗਤਾਵਾਂ ਬਣਾਉਣ, ਪ੍ਰਭਾਵਕਾਰੀ ਪ੍ਰੋਗਰਾਮਾਂ ਬਾਰੇ ਸੁਝਾਅ ਦਿੰਦੇ ਹਨ, ਅਤੇ ਇਹ ਵੇਖਣ ਵਿਚ ਅਸਾਨ ਹੋਵੇਗਾ ਕਿ ਪ੍ਰਭੂ ਨੇ ਮੌਕੇ ਦੇ ਕਿਹੜੇ ਰਾਹ ਖੋਲ੍ਹੇ ਹਨ।

## ਕਦਮ 6: ਕਲੀਸੀਆ ਦੇ ਵਿਕਾਸ ਲਈ ਯੋਜਨਾਵਾਂ ਬਣਾਓ

ਕਲੀਸੀਆ ਦੇ ਆਗੂਆਂ ਵੱਲੋਂ ਟੀਚਿਆਂ ਬਾਰੇ ਵਿਚਾਰ ਕਰਨ ਅਤੇ ਮੰਡਲੀ ਦੇ ਪਿਛਲੇ ਅਤੇ ਮੌਜੂਦਾ ਦੋਹਾਂ ਹਾਲਾਤ ਦਾ ਵਿਸ਼ਲੇਸ਼ਣ ਕਰਨ ਦੇ ਬਾਅਦ, ਉਨ੍ਹਾਂ ਨੂੰ ਚਾਹੀਦਾ ਹੈ ਕਿ ਮੰਡਲੀ ਦੀ ਮਦਦ ਨਾਲ ਆਉਣ ਵਾਲੇ ਸਮੇਂ ਵਿਕਾਸ ਲਈ ਯੋਜਨਾਵਾਂ ਬਣਾਉਣ।[7]

**ਆਮ ਯੋਜਨਾਵਾਂ**

ਵਿਕਾਸ ਲਈ ਬਣਾਈਆਂ ਜਾਣ ਵਾਲੀਆਂ ਯੋਗਤਾਵਾਂ ਸਾਰੀ ਮੰਡਲੀਆਂ ਵਿਚ ਪਾਈਆਂ ਜਾਣ ਵਾਲੀਆਂ ਯੋਗਤਾਵਾਂ ਨਾਲ ਮਿਲਦੀਆਂ ਜੁਲਦੀਆਂ ਹੋਣਗੀਆਂ। ਉਨ੍ਹਾਂ ਵਿੱਚੋਂ ਕੁਝ ਯੋਜਨਾਵਾਂ ਇਸ ਤਰ੍ਹਾਂ ਹਨ:

(1) *ਜੇਤੂ ਵਿਹਾਰ* ਭਾਵ ਇਕ ਸਕਾਰਾਤਮਕ ਭਾਵਨਾ, ਤਰੱਕੀ ਲਈ ਫ਼ੈਸਲਾ ਕਰਨ ਵਾਲੇ ਚਰਮ ਅਪਣਾਓ। ਮੈਂਬਰ ''ਇੰਜੀਲ'' ਤਦ ਤਕ ਨਹੀਂ ਫੈਲਾਉਣਗੇ ਜਦ ਤਕ ਉਨ੍ਹਾਂ ਦੇ ਮਨ ਵਿਚ ਸਥਾਨਕ ਕਲੀਸੀਆ ਦਾ ਸਕਾਰਾਤਮਕ ਸਰੂਪ ਨਹੀਂ ਹੁੰਦਾ।

(2) *ਦੋਸਤਾਨਾ ਵਿਹਾਰ ਕਰਨ ਵਾਲੀ ਕਲੀਸੀਆ* ਭਾਵ ਬਾਹਰ ਤੋਂ ਆਉਣ ਵਾਲਿਆਂ ਦਾ ਗਰਮਜੋਸ਼ੀ ਨਾਲ ਸੁਆਗਤ ਕਰਨ ਵਾਲੀ ਕਲੀਸੀਆ ਬਣੋ। ''ਦੋਸਤਾਨਾ ਵਿਹਾਰ ਕਰਨ ਵਾਲੀ'' ਕਲੀਸੀਆ ਬਣਨ ਲਈ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇਸ ਦੇ ਮੈਂਬਰਾਂ, ਇਸ ਵਿੱਚੋਂ ਮਿਲਣ ਵਾਲੀ ਲੋਕਾਂ ਦੀ ਨਜ਼ਰ ਤੋਂ ਵੇਖਣ ਅਤੇ ਉਨ੍ਹਾਂ ਦਾ ਸੁਆਗਤ ਕਰਨ ਲਈ ਜੋ ਵੀ ਜ਼ਰੂਰੀ ਬਦਲਾਅ ਹੋਣ (ਪਵਿੱਤਰ ਬਾਈਬਲ ਦੀਆਂ ਹੱਦਾਂ ਵਿਚ ਰਹਿ ਕੇ), ਕਰਨ।

(3) *ਇੰਜੀਲ ਦੇ ਪ੍ਰਚਾਰ ਤੇ ਜ਼ੋਰ ਦਿਓ–* ਇੰਜੀਲ ਦੇ ਪ੍ਰਚਾਰ ਵਿਚ ਸਭ ਦੇ ਯੋਗਦਾਨ ਦੇਣ ਦੀ ਲੋੜ ਤੇ ਜੋਰ ਦਿਓ। ਜੇ ਕਲੀਸੀਆ ਗੁਆਚਿਆਂ ਹੋਇਆ ਨੂੰ ਬਦਲਣ ਨਾਲ ਵਧਣਾ ਚਾਹੁੰਦੀ ਹੈ, ਤਾਂ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇੰਜੀਲ ਦੇ ਪ੍ਰਚਾਰ ਦੇ ਮਹੱਤਵ ਤੇ ਜ਼ੋਰ ਦੇਣ। ਮੈਂਬਰਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਮੱਤੀ 28:19, 20 ਵਿਚਲਾ ਗ੍ਰੇਟ ਕਮਿਸ਼ਨ ਸਭ ਤੋਂ ਵੱਡਾ ਹੁਕਮ ਹੈ ਨਾ ਕਿ ''ਸਭ ਤੋਂ ਵੱਡਾ ਸੁਝਾਅ।'' ਸਾਨੂੰ ਇਹ ਵਿਸ਼ਵਾਸ ਕਰਨਾ ਅਤੇ ਸਿਖਾਉਣਾ ਭਾਵ ਅਜਿਹੇ ਕੰਮ ਕਰਨਾ ਜ਼ਰੂਰੀ ਹੈ ਕਿ ਘਰ ਵਿਚ ਹੋਵੇ ਜਾਂ ਬਾਹਰ ਰੂਹਾਂ ਨੂੰ ਬਚਾਉਣਾ ਕਲੀਸੀਆ ਦਾ ਕੰਮ ਹੀ ਨਹੀ ਸਗੋਂ ਮਸੀਹ ਦੀ ਦੇਹ ਦਾ ਮੁੱਖ ਕੰਮ ਹੈ।

(4) *ਸਭ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰੋ।*[8] ਕਲੀਸੀਆ ਤਾਂ ਹੀ ਵਧੇਗੀ ਜਦ ਹਰ ਮੈਂਬਰ ਆਪਣੇ ਤੋੜਿਆਂ ਦੀ ਵਰਤੋਂ ਕਰਦਿਆਂ ਇਸ ਵਿਚ ਭਾਗ ਲੈਣ ਲਈ ਆਪਣੀ ਨਿੱਜੀ ਜ਼ਿੰਮੇਵਾਰੀ ਸਮਝੇਗਾ।

(5) *ਵੱਖੋ ਵੱਖ ਢੰਗ ਅਪਨਾਉਣਾ।* ਕੁਝ ਖੋਜ ਤੋਂ ਇਹੀ ਪਤਾ ਲਗਦਾ ਹੈ ਕਿ ਕਲੀਸੀਆਵਾਂ ਇਕ ਤਰੀਕੇ ਦੀ ਵਰਤੋਂ ਕਰਨ ਦੀ ਬਜਾਇ ਵੱਖ ਵੱਖ ਤਰੀਕਿਆਂ ਦੀ ਵਰਤੋਂ ਕਰਕੇ ਵਧੇਰੇ ਲੋਕਾਂ ਨੂੰ ਮਸੀਹ ਵਿਚ ਲਿਆ ਸਕਦੀਆਂ ਹਨ।

(6) *ਇੰਜੀਲ ਨੂੰ ਮੰਨਣ ਵਾਲੇ ਲੋਕਾਂ ਵੱਲ ਧਿਆਨ ਦਿਓ।* ਹਰ ਥਾਂ ਕੁਝ ਲੋਕ ਦੂਜਿਆਂ ਦੇ ਮੁਕਾਬਲੇ ਇੰਜੀਲ ਨੂੰ ਛੇਤੀ ਮੰਨਣ ਵਾਲੇ ਹੁੰਦੇ ਹਨ। ਇਹ ਲੋਕਾਂ ਤਕ ਜਾਣ ਦੀ ਕੋਸ਼ਿਸ਼ ਕਰਨ ਦਾ ਵਧੀਆ ਢੰਗ ਹੈ (ਜ਼ਰੂਰੀ ਨਹੀਂ ਹੈ ਸਭ ਨੂੰ ਕੀਤੀ ਜਾਣ ਵਾਲੀ ਅਪੀਲ ਛੱਡ ਦਿੱਤੀ ਜਾਵੇ।)

(7) *ਛੱਡ ਕੇ ਜਾਣ ਵਾਲਿਆਂ ਦੀ ਮੁਸ਼ਕਿਲ ਨੂੰ ਹੱਲ ਕਰਨ ਦਾ ਯਤਨ ਕਰੋ।*[9] ਕਿਸੇ ਵੀ ਕਲੀਸੀਆ ਵਿਚ ਮੈਂਬਰਾਂ ਵੱਲੋਂ ਛੱਡ ਕੇ ਜਾਣ ਦੀ ਮੁਸ਼ਕਿਲ ਦਾ ਪੂਰੀ ਤਰ੍ਹਾਂ ਨਾਲ ਹੱਲ ਨਹੀਂ ਹੋ ਸਕਦਾ, ਪਰ ਕੋਈ ਵੀ ਕਲੀਸੀਆ ਜਦ ਤਕ ਆਪਣੇ ਵਿਸ਼ਵਾਸੀ ਮੈਂਬਰਾਂ ਨੂੰ ਰੋਕਣ ਦਾ ਜਤਨ ਨਹੀਂ ਕਰਦੀ ਤਦ ਤਕ ਉਹ ਵਿਕਾਸ ਨਹੀਂ ਕਰ ਸਕਦੀ।

(8) *ਬੰਦਗੀਆਂ ਵਿਚ ਜੋਸ਼ ਭਰੋ।* ਜੋਸ਼ ਭਰੀਆਂ ਬੰਦਗੀਆਂ ਵਾਲੀ ਕਲੀਸੀਆ ਮੈਂਬਰਾਂ ਅਤੇ ਗੈਰ ਮੈਂਬਰਾਂ ਦੋਹਾਂ ਲਈ ਦਲੇਰ ਕਰਨ ਵਾਲੀ ਹੁੰਦੀ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਾਡੀ ਬੰਦਗੀ ਤੋਂ ਖ਼ੁਦਾ ਖੁਸ਼ ਹੋਣਾ ਚਾਹੀਦਾ ਹੈ। ਪਹਿਲੀ ਵਾਰ ਆਉਣ ਵਾਲੇ ਲੋਕਾਂ ਉੱਤੇ ਕਲੀਸੀਆ ਦਾ ਪ੍ਰਭਾਵ ਬੰਦਗੀ ਵਿਚ ਉਨ੍ਹਾਂ ਦੇ ਤਜਰਬੇ ਨਾਲ ਹੀ ਪਵੇਗਾ। ਪਹਿਲਾ ਪ੍ਰਭਾਵ ਅਸਰ ਕਰਦਾ ਹੈ। ਜੇ ਸਾਡੀਆਂ ਬੰਦਗੀਆਂ ਬਾਹਰੋਂ ਆਉਣ ਵਾਲਿਆਂ ਲਈ ਫ਼ਾਇਦੇਮੰਦ ਹਨ ਤਾਂ ਉਹ ਸਾਡੀ ਸਿੱਖਿਆ ਨੂੰ ਸੁਣਨ ਲਈ ਬਾਰ ਬਾਰ ਆਉਣਾ ਚਾਹੁਣਗੇ।

(9) *ਮਸ਼ਹੂਰੀ।* ਮਸ਼ਹੂਰੀ ਕਲੀਸੀਆ ਨੂੰ ਵਧਾਉਣ ਦਾ ਹੱਲ ਨਹੀਂ ਹੈ, ਪਰ ਇਸ ਨਾਲ ਇਕ ਅਜਿਹਾ ਮਹੌਲ ਤਿਆਰ ਕੀਤਾ ਜਾ ਸਕਦਾ ਹੈ ਜਿਸ ਨਾਲ ਕਲੀਸੀਆ ਵਧ ਸਕੇ।

**ਖਾਸ ਤਰੀਕਾ**

ਵਿਕਾਸ ਲਈ ਬਣਾਈ ਗਈ ਮੰਡਲੀ ਦੀ ਯੋਜਨਾ ਮੰਡਲੀ ਲਈ ਵੀ ਹੋਣੀ ਚਾਹੀਦੀ ਹੈ। ਹਰ ਮੰਡਲੀ ਲਈ ਉਸ ਲਈ ਮਿਲਦਾ ਜੁਲਦਾ ਤਰੀਕਾ ਕਿਉਂ ਚਾਹੀਦਾ ਹੈ? ''ਖਾਸ ਨੇਮ'' ਦੇ ਕਾਰਣ: ਹਰ ਕਲੀਸੀਆ ਦੇ ਵਾਧੇ ਦਾ ਕਾਰਣ ਉਸ ਮੰਡਲੀ ਵਿਚ ਪਾਏ ਜਾਣ ਵਾਲੇ ਖਾਸ ਸੱਚ ਨਾਲ ਜੁੜਿਆ ਹੁੰਦਾ ਹੈ, ਜ਼ਰੂਰੀ ਨਹੀਂ ਕਿ ਉਸ ਨੂੰ ਕਿਸੇ ਦੂਜੀ ਮੰਡਲੀ ਵਿਚ ਦੁਹਰਾਇਆ ਜਾ ਸਕੇ।

ਆਮ ਤੌਰ ਤੇ ਲੋਕ ਇਸ ਨੂੰ ਸਮਝਦੇ ਨਹੀਂ ਹਨ। ਸਾਡੇ ਭਾਈਆਂ ਵਿਚ ਹਰ ਕਲੀਸੀਆ ਦੇ ਵਿਕਾਸ ਦੀ ਉਦਾਹਰਣ ਇਹ ਮੰਨ ਕੇ ਦਿੱਤੀ ਜਾਂਦੀ ਹੈ ਕਿ ਸਭ ਮੰਡਲੀਆਂ ਨੂੰ ''ਉਵੇਂ ਹੀ ਕਰਨਾ'' ਚਾਹੀਦਾ ਹੈ ਜੋ ਕਿ ਕਿਸੇ ਖਾਸ ਤਰ੍ਹਾਂ ਦੇ ਸਮਾਜ ਵਿਚ ਪਾਈ ਜਾਂਦੀ ਹੈ ਅਤੇ ਉਸ ਵਿਚ ਖਾਸ ਤਰ੍ਹਾਂ ਦੇ ਮੈਂਬਰ ਹੁੰਦੇ ਹਨ। ਇਸ ਮਾਨਤਾ ਵਿਚ ਦਿੱਕਤ ਇਹ ਹੈ ਕਿ ਮੰਡਲੀਆਂ ਵੱਖ ਵੱਖ ਸਮਾਜਿਕ ਦਾਇਰੇ ਵਿਚ ਰਹਿੰਦੀਆਂ ਹਨ (ਜਿਵੇਂ ਅਬਾਦੀ ਵਿਚ, ਖੇਤਰਫਲ, ਪ੍ਰਬੰਧ, ਕੁਲ ਉਮਰ ਵੱਧਦੀ ਜਾਂ ਘਟਦੀ ਅਬਾਦੀ ਆਦਿ) ਅਤੇ ਆਪਣੇ ਮੈਂਬਰਾਂ ਨਾਲ ਸਮਝੌਤਾ ਕਰਨ ਵਾਲੇ ਲੋਕ (ਕੁਝ ਉਮਰ, ਸਮਾਜਿਕ ਆਰਥਿਕ ਹਾਲਾਤ, ਯੋਗਤਾਵਾਂ ਆਦਿ)। ਇਹ ਮੰਨਣਾ ਗਲਤ ਹੈ ਕਿ ਕਿਵੇਂ ਨਵੇਂ ਵੱਸੇ ਇਲਾਕਿਆਂ ਵਿਚ, ਜਿੱਥੇ ਬਹੁਤ ਸਾਰੇ ਡਾਕਟਰ, ਵਕੀਲ ਅਤੇ ਇੰਜੀਨੀਅਰ ਰਹਿੰਦੇ ਹਨ ਕਲੀਸੀਆ ਦੇ ਵਾਧੇ ਨੂੰ ਕਿਸੇ ਦੂਜੇ ਰਾਜਾਂ ਦੇ ਛੋਟੇ ਜਿਹੇ ਕਸਬੇ ਵਿਚ ਬਿਨਾ ਕਿਸੇ

ਸੁਧਾਰ ਦੇ ਬਦਲ ਕੇ ਵਰਤਿਆ ਜਾ ਸਕਦਾ ਹੋਵੇ।

ਕਲੀਸੀਆ ਦੇ ਆਗੂ ਕਿਸੇ ਖਾਸ ਨਤੀਜੇ ਤੇ ਕਿਵੇਂ ਪਹੁੰਚੇ? ਪੰਜ ਸੁਝਾਅ ਇਸ ਤਰ੍ਹਾਂ ਹਨ:

ਪਹਿਲਾ, ਯਾਦ ਰੱਖੋ ਕਿ ਜ਼ਰੂਰੀ ਨਹੀਂ ਕਿ ਯੋਜਨਾ ਬਣਾਉਣ ਲਈ ''ਸੰਗਠਿਤ'' ਪ੍ਰੋਗਰਾਮ ਹੀ ਹੋਣ। ਜਿੰਨਾ ਕੋਈ ਕੰਮ ਸੰਗਠਿਤ ਹੋਵੇਗਾ ਓਨਾ ਹੀ ਚੰਗਾ ਹੈ। ''ਸੰਗਠਿਤ ਪ੍ਰੋਗਰਾਮ'' ਤਾਂ ਹੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਜਦ ਕਿਸੇ ਹੋਰ ਤਰ੍ਹਾਂ ਨਾਲ ਕਲੀਸੀਆ ਦਾ ਟੀਚਾ ਪੂਰਾ ਨਾ ਹੋਵੇ।

ਦੂਜਾ, ਕਲੀਸੀਆ ਵਿਚ ਪਾਈ ਜਾਣ ਵਾਲੀ ਸਮਰੱਥਾ ਤੇ ਜ਼ੋਰ ਦਿਓ। ਹਰ ਕਲੀਸੀਆ ਵਿਚ ਕੋਈ ਖਾਸ ਸਮਰੱਥਾ ਜ਼ਰੂਰ ਹੁੰਦੀ ਹੈ; ਇਸ ਦੇ ਪ੍ਰੋਗਰਾਮ ਅਜਿਹੀ ਸਮਰੱਥਾ ਨੂੰ ਧਿਆਨ ਵਿਚ ਰੱਖ ਕੇ ਹੀ ਬਣਾਏ ਜਾਣੇ ਚਾਹੀਦੇ ਹਨ।

ਤੀਜਾ, ਗੁਆਚੇ ਹੋਇਆਂ ਵਿਚ ਇੰਜੀਲ ਸੁਨਾਉਣ; ਲੋੜਵੰਦਾਂ ਦੀ ਮਦਦ ਕਰਨ, ਕਲੀਸੀਆ ਨੂੰ ਮਜ਼ਬੂਤ ਕਰਨ ਅਤੇ ਪ੍ਰਭੂ ਦੀ ਬੰਦਗੀ ਕਰਨ ਦੇ ਉੱਤਮ ਸਾਧਨਾਂ ਦੀ ਖੋਜ ਵਿਚ ਰਹੋ। ਜ਼ਰੂਰੀ ਨਹੀਂ ਕਿ ਕਿਸੇ ਮੰਡਲੀ ਵੱਲੋਂ ਆਪਣੇ ਗਏ ਬੇਹਤਰੀਨ ਢੰਗ ਨੂੰ ਕਿਸੇ ਦੂਜੀ ਮੰਡਲੀ ਵਿਚ ਵੀ ਅਪਣਾਇਆ ਜਾ ਸਕੇ। ਹਰ ਗੱਲ ਵਿਚ ਦੂਜਿਆਂ ਦੀ ਨਕਲ ਕਰਨਾ ਸਹੀ ਨਹੀਂ ਹੈ।

ਚੌਥਾ, ਸਭ ਗੱਲਾਂ ਨੂੰ ਧਿਆਨ ਵਿਚ ਰੱਖਣ ਵਿਚ ਯੋਜਨਾ ਬਣਾਓ। ਜੇ ''ਸੰਗਠਿਤ ਪ੍ਰੋਗਰਾਮ'' ਜ਼ਰੂਰੀ ਹੈ, ਤਾਂ ਉਨ੍ਹਾਂ ਨੂੰ ਸਹੀ ਕੀਤਾ ਜਾਣਾ ਚਾਹੀਦਾ ਹੈ! ਕਿਸੇ ਪ੍ਰੋਗਰਾਮ ਲਈ ਸਫ਼ਲ ਯੋਜਨਾ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਿਲ ਹੋਣ: (ੳ) ਕਿਹੜਾ ਕੀ ਕਰੇਗਾ, (ਅ) ਸਮੇਂ ਸਾਰਣੀ, (ੲ) ਪੈਸਾ ਕਿੱਥੋਂ ਆਵੇਗਾ, (ਸ) ਮਸ਼ਹੂਰੀ ਅਤੇ ਪ੍ਰਮੋਸ਼ਨ (ਹ) ਪ੍ਰੋਗਰਾਮ ਖ਼ਤਮ ਕਿਵੇਂ ਹੋਵੇਗਾ ਅਤੇ (ਕ) ਉਸ ਦੇ ਬਾਅਦ ਕੀ ਕਰਨਾ ਹੈ।

ਪੰਜਵਾਂ, ਯੋਜਨਾ ਬਣਾਉਂਦੇ ਰਹੋ। ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇਸ ਗੱਲ ਦੀ ਸਮੀਖਿਆ ਕਰਦੇ ਰਹਿਣ ਕਿ ਕੀ ਹੋ ਰਿਹਾ ਹੈ ਅਤੇ ਭਵਿੱਖ ਲਈ ਨਵੀਂ ਯੋਜਨਾਵਾਂ ਕੀ ਹੋਣੀਆਂ ਚਾਹੀਦੀਆਂ ਹਨ। ਕੋਈ ਵੀ ਪ੍ਰੋਗਰਾਮ ਭਾਵੇਂ ਉਹ ਸਫ਼ਲ ਹੋਣੇ ਜਾਂ ਅਸਫ਼ਲ, ਅਗਲੇ ਪ੍ਰੋਗਰਾਮ ਦੀ ਤਿਆਰੀ ਵਿਚ ਮਦਦ ਲਈ ਇਕ ਤਜੁਰਬਾ ਹੋ ਸਕਦਾ ਹੈ। ਹਰ ਸਾਲ ਦੀਆਂ ਯੋਜਨਾਵਾਂ ਅਗਲੇ ਸਾਲ ਲਈ ਨੇਮ ਬਣਾਉਣ ਲਈ ਬੁਨਿਆਦ ਦਾ ਕੰਮ ਕਰਨ।

## ਕਦਮ 7: ਯੋਜਨਾਵਾਂ ਲਾਗੂ ਕਰੋ

ਯੋਜਨਾ ਤਦ ਤਕ ਕਿਸੇ ਕੰਮ ਦੀ ਨਹੀਂ ਹੁੰਦੀ ਜਦ ਤਕ ਉਹ ਸਿਰਫ਼ ਆਗੂਆਂ ਦੇ ਦਿਲ ਵਿਚ ਜਾਂ ਕਾਗਜਾਂ ਤੇ ਹੀ ਰਹੇ। ਕੰਮ ਕਰਨ ਲਈ ਯੋਜਨਾ ਬਣਾਉਣਾ ਜ਼ਰੂਰੀ ਹੈ, ਪਰ ਯੋਜਨਾ ਉੱਤੇ ਕੰਮ ਕਰਨਾ ਵੀ ਜ਼ਰੂਰੀ ਹੈ। ਤਾਂ ਕੀ ਕੀਤਾ ਜਾਣਾ ਚਾਹੀਦਾ ਹੈ?

ਪਹਿਲਾ, ਕੰਮ ਦੀ ਯੋਜਨਾ ਮਿਲਜੁਲ ਕੇ ਸ਼ੁਰੂ ਕਰਨ ਤੋਂ ਪਹਿਲਾਂ ਬਣਾਈ ਜਾਣੀ ਚਾਹੀਦੀ ਹੈ। ਯੋਜਨਾ ਵਿਚ ਸ਼ਾਮਿਲ ਸਾਰੇ ਲੋਕਾਂ ਨੂੰ ਨਾਲ ਲਾਓ। ਫਿਰ, ਜੇ ਕੋਈ ਸੰਗਠਿਤ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ, ਤਾਂ ਕਿਸੇ ਨੂੰ ਉਸ ਦੀ ਜ਼ਿੰਮੇਵਾਰੀ ਅਤੇ ਉਸ ਦਾ ਅਧਿਕਾਰ ਦੇ ਕੇ ਉਸ ਪ੍ਰੋਰਗਰਾਮ ਨੂੰ ਕਾਮਯਾਬੀ ਨਾਲ ਪੂਰਾ ਕਰਨ ਲਈ ਪੈਸਾ ਮੁਹੱਈਆ ਕਰਵਾਓ। ਤਿੰਨ, ਉਸ ਪ੍ਰੋਗਰਾਮ ਬਾਰੇ ਮੰਡਲੀ ਨੂੰ ਦੱਸਦੇ ਰਹੋ; ਕਲੀਸੀਆ ਦੇ ਕਿਸੇ ਵੀ ਸਫ਼ਲ ਕੰਮ ਲਈ ਕਲੀਸੀਆ ਨੂੰ ਜਾਣਕਾਰੀ ਦਿੰਦੇ ਰਹਿਣਾ ਸਾਰੀਆਂ ਤੋਂ ਚੰਗੀ ਗੱਲ ਹੈ। ਚਾਰ, ਮੈਂਬਰਾਂ ਨੂੰ ਉਸ ਕੰਮ ਵਿਚ ਸ਼ਾਮਿਲ ਹੋਣ ਲਈ ਤਿਆਰ ਕਰਨ, ਸਮਝਾਉਣ ਅਤੇ ਪ੍ਰੇਰਣਾ ਦੇਣ ਲਈ ਕੋਸ਼ਿਸ਼ ਕਰੋ। ਪੰਜਵਾਂ

ਉਸ ਦਾ ਸੰਚਾਰ ਜ਼ਰੂਰ ਕਰੋ। ਮੈਂਬਰਾਂ ਵਿਚ ਪ੍ਰੋਗਰਾਮਾਂ ਦਾ ਸੰਚਾਰ ਕਰੋ, ਅਤੇ ਕਲੀਸੀਆ ਦੇ ਬਾਹਰ ਦੇ ਲੋਕਾਂ ਵਿਚ ਉਸ ਦੀ ਮਸ਼ਹੂਰੀ ਆਦਿ ਨਾਲ ਪ੍ਰਚਾਰ ਕਰੋ। ਛੇ, ਸ਼ੁਰੂ ਤੋਂ ਲੈ ਕੇ ਅਖੀਰ ਤਕ ਕੰਮ ਦੀ ਨਿਗਹਬਾਨੀ ਕਰਦੇ ਰਹੋ। ਚੰਗੀ ਸ਼ੁਰੂਆਤ ਜ਼ਰੂਰੀ ਹੈ, ਪਰ ਐਨਾ ਹੀ ਕਾਫ਼ੀ ਨਹੀਂ ਹੈ। ਹਰ ਕੰਮ ਦੀ ਲਗਾਤਾਰ ਰਾਖੀ ਕਰਨੀ ਜ਼ਰੂਰੀ ਹੈ। ਸੰਚਾਰ ਦੇ ਨਾਲ ਨਾਲ ਸਬਰ ਦਾ ਖਾਸ ਮਹੱਤਵ ਹੈ। ਪ੍ਰੋਗਰਾਮ ਦੇ ਅਖੀਰ ਦੀ ਯੋਜਨਾ ਬਣਾਉਣਾ ਵੀ ਜ਼ਰੂਰੀ ਹੈ। ਨਤੀਜਾ ਮਿਲਣ ਤੇ ਜਸ਼ਨ ਕਰੋ ਅਤੇ ਉਸ ਭਲਿਆਈ ਲਈ ਜੋ ਉਸ ਵਿੱਚੋਂ ਨਿੱਕਲਦੀ ਹੈ ਖ਼ੁਦਾ ਦਾ ਸ਼ੁਕਰ ਕਰੋ। ਸਤਵਾਂ, ਕਿਸੇ ਵੀ ਪ੍ਰੋਗਰਾਮ ਦਾ ਪੂਰਾ ਹੋਣ ਦੇ ਬਾਅਦ ਉਸ ਦੀ ਜਾਂਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ: ''ਅਸੀਂ ਇਸ ਨੂੰ ਹੋਰ ਚੰਗੀ ਤਰ੍ਹਾਂ ਕਿਵੇਂ ਕਰ ਸਕਦੇ ਸੀ? ਜੇ ਅਸੀਂ ਦੁਬਾਰਾ ਤੋਂ ਕਰੀਏ ਤਾਂ ਕਿੰਨੇ ਵਧੀਆ ਢੰਗ ਨਾਲ ਕਰ ਸਕਦੇ ਹਾਂ?'' ਉਸ ਪ੍ਰੋਗਰਾਮ ਨਾਲ ਮਿਲਣ ਵਾਲੇ ਤਜੁਰਬੇ ਨਾਲ ਵੱਖ ਜਤਨਾਂ ਲਈ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ।

## ਸਾਰ

ਕਿਸੇ ਕਲੀਸੀਆ ਲਈ ਜਾਂ ਕਲੀਸੀਆ ਦੇ ਕਿਸੇ ਆਗੂ ਦੀ ਸਫ਼ਲਤਾ ਲਈ ਗਿਣਤੀ ਹੀ ਇਕੱਲੀ ਸ਼ਰਤ ਨਹੀਂ ਹੈ ਜੇ ਕਿਸੇ ਆਗੂ ਦੀ ਸਫ਼ਲਤਾ ਲਈ ਹੀ ਮਾਪਦੰਡ ਹੁੰਦੀ ਹੈ ਤਾਂ ਨੂਹ ਅਤੇ ਯਿਰਮਿਯਾਹ ਨੂੰ ਖਾਸ ਤੌਰ ਤੇ ਨਾਕਾਮ ਲੋਕਾਂ ਵਿਚ ਗਿਣਿਆ ਜਾਂਦਾ। ਯਿਸੂ ਦੇ ਜੀਵਨ ਦੇ ਅਖੀਰ ਵਿਚ, ਜਦ ਉਹਨੂੰ ਸਲੀਬ ਤੇ ਚੜ੍ਹਾਇਆ ਜਾ ਰਿਹਾ ਸੀ ਅਤੇ ਸਾਰੇ ਚੇਲੇ ਉਸ ਨੂੰ ਛੱਡ ਗਏ ਸਨ ਜਿਸ ਵਿਚ ਇਕ ਨੇ ਉਸ ਨੂੰ ਫੜਵਾਇਆ ਅਤੇ ਇਕ ਨੇ ਉਸ ਦਾ ਇਨਕਾਰ ਕੀਤਾ, ਦੂਜਿਆਂ ਨੂੰ ਇਹ ਲੱਗਣਾ ਅਸਾਨ ਹੋਇਆ ਕਿ ਉਸ ਦੀ ਸੇਵਕਾਈ ਨਾਕਾਮ ਸੀ।

ਸਿਰਫ਼ ਇੱਕੋ ਰੂਹ ਦੇ ਬਚਾਏ ਜਾਣ ਅਤੇ ਕਲੀਸੀਆ ਦੇ ਵਿਕਾਸ ਵਿਚ ਯੋਗਦਾਨ ਦਿੰਦੇ ਵੇਖਣਾ ਕਿੰਨੀ ਖੁਸ਼ੀ ਦੀ ਗੱਲ ਹੈ! ਇਹ ਜਾਣਨ ਲਈ ਅਨੰਦ ਦੀ ਕਲਪਨਾ ਕਰੋ ਕਿ ਤੁਹਾਡੇ ਵਿਸ਼ਵਾਸ ਅਤੇ ਮਿਹਨਤ ਕਰਕੇ ਕਲੀਸੀਆ ਵਧੀ ਹੈ, ਜਿਸ ਕਰਕੇ ਬਹੁਤ ਸਾਰੇ ਲੋਕ ਸੁਰਗ ਵਿਚ ਹੋਣਗੇ ਜੋ ਆਪਣੀ ਮਿਹਨਤ ਦੇ ਬਗ਼ੈਰ ਨਹੀਂ ਜਾ ਸਕਦੇ! ਜੇ ਅਸੀਂ ਸਮਝਦਾਰੀ ਅਤੇ ਸਹੀ ਢੰਗ ਨਾਲ ਯੋਜਨਾ ਬਣਾ ਕੇ ਕੰਮ ਕਰੀਏ ਤਾਂ ਇਹ ਦਿਲਚਸਪ ਵਿਚਾਰ ਸਾਡਾ ਹੋ ਸਕਦਾ ਹੈ, ''ਜੋ ਪੌਣ ਨੂੰ ਮਾਰਦੇ'' ਹੋਏ ਨਹੀਂ (1 ਕੁਰਿੰਥੀਆਂ 9:26), ਸਗੋਂ ''ਸਿਆਣੇ ਰਾਜ ਮਿਸਤਰੀ'' (1 ਕੁਰਿੰਥੀਆਂ 3:10) ਵਾਂਗ ਜੋ ''ਬੁਨਿਆਦ'' ਰੱਖਣ ਵਿਚ ਚੌਕਸ ਹੈ, ਸਭ ਲਈ ਸਭ ਕੁਝ ਬਣਿਆ ਤਾਂ ਜੋ ''ਹਰ ਤਰ੍ਹਾਂ ਨਾਲ ਕਈਆਂ ਨੂੰ ਬਚਾਵੇ'' (1 ਕੁਰਿੰਥੀਆਂ 9:22)।

---

ਟਿੱਪਣੀਆਂ

[1]ਬੁਲੇਟਿਨ ਆਫ਼ ਦ ਟੈਂਥ ਐਂਡ ਰਾਕਫੋਡ ਚਰਚ ਆਫ਼ ਕ੍ਰਾਈਸਟ, ਤੁਲਸਾ, ਓਕਲਾਹੋਮਾ (7 ਜੂਨ 1964) ਵਿਚ ਡੈਰਲ ਜੀ. ਰਿਕਰਡ, ''ਦਿ ਲਾਰਡ'ਜ਼ ਚਰਚ ਇਜ਼ ਮਾਰਚਿੰਗ।'' [2]ਫ਼ਲੇਵਿਲ ਆਰ. ਯੀਕਲੇ, ਜੂਨੀ., ''ਚਰਚਜ਼ ਆਫ਼ ਕ੍ਰਾਈਸਟ ਗ੍ਰੋਇੰਗ ਅਗੇਨ,'' *ਦਿ ਵਰਲਡ ਇਵੈਂਜਲਿਸਟ* 19 (ਅਗਸਤ 1990): 1. [3]ਇਸ ਕਦਮ ਦਾ ਸਬੰਧ ਖਾਸ ਤੌਰ ਤੇ ਗਿਣਤੀ ਵਿਚ ਵਾਧੇ ਨਾਲ ਹੈ, ਜਦ ਕਿ ਰੂਹਾਨੀ ਵਿਕਾਸ ਲਈ ਮਦਦ ਦੀ ਯੋਜਨਾ ਬਣਾਉਣ ਲਈ ਇਸ ਪ੍ਰਕਿਰਿਆ ਦੀ ਵਰਤੋਂ ਕੀਤੀ ਜਾ ਸਕਦੀ ਹੈ, ਅਤੇ ਇਸ ਨਾਲ ਮਿਲਣ ਵਾਲੀ ਸੁਝਾਅ ਰੂਹਾਨੀ

ਵਿਕਾਸ ਨੂੰ ਘੱਟ ਨਹੀਂ ਕਰੇਗੀ। ਬੇਸ਼ੱਕ ਬਾਕੀ ਪਾਠ ਗਿਣਤੀ ਵਿਚ ਵਾਧੇ ਤੇ ਜ਼ੋਰ ਦਿੰਦਾ ਹੈ, ਪਰ ਅਸੀਂ ਇਹ ਸੰਕੇਤ ਨਹੀਂ ਦੇਣਾ ਚਾਹੁੰਦੇ ਕਿ ਇਹ ਵਾਧਾ ਸੁਣਨ ਤੇ ਅਧਾਰਿਤ ਵਾਧੇ ਨਾਲੋਂ ਮਹੱਤਵਪੂਰਨ ਹੈ। [4]ਸੀ. ਵੇਅਨ ਜੰਕਲ, *ਗ੍ਰੋਇੰਗ ਦ ਸਮਾਲ ਚਰਚ–ਏ ਗਾਈਡ ਫ਼ਾਰ ਚਰਚ ਲੀਡਰਜ਼* (ਐਲਜਿਨ, ਇਲਿਨੋਇਸ: ਡੇਵਿਡ ਸੀ. ਕੁਕ, 1982). 23. [5]ਇਸ ਵਿਸ਼ੇ ਤੇ ਵਧੇਰੇ ਜਾਣਕਾਰੀ ਲਈ ''ਟੀਚੇ ਨਿਰਧਾਰਿਤ ਕਰਨਾ'' ਪਾਠ ਵੇਖੋ। [6]ਬਹੁਤ ਮੇਲ ਖਾਂਦੀ ਗਿਣਤੀ ਹੀ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ। ਇਹ ਸਾਲ ਦੇ ਅਖ਼ੀਰ ਵਿਚ ਮੈਂਬਰਾਂ ਦੀ ਗਿਣਤੀ ਹੋ ਸਕਦੀ ਹੈ। ਮਸੀਹ ਦੀਆਂ ਬਹੁਤ ਸਾਰੀਆਂ ਕਲੀਸੀਆਵਾਂ ਵਿਚ ਇਹ ਤੈਅ ਕਰਨ ਲਈ ਕਿ ਕਲੀਸੀਆ ਵਧੀ ਹੈ ਜਾਂ ਨਹੀਂ, ਅਤੇ ਜੇ ਵਧੀ ਹੈ ਤਾਂ ਕਿੰਨੀ, ਆਮ ਤੌਰ ਤੇ ਐਤਵਾਰ ਸਵੇਰ ਦੀ ਹਾਜ਼ਰੀ ਵੇਖੀ ਜਾਂਦੀ ਹੈ। [7]ਕਦਮ 6 ''ਕਲੀਸੀਆ ਦੇ ਵਿਕਾਸ ਲਈ ਯੋਜਨਾਵਾਂ ਬਣਾਉਣਾ'' ਅਤੇ ਕਦਮ 7 ''ਯੋਜਨਾਵਾਂ ਲਾਗੂ ਕਰੋ'' ਤੇ ਵਧੇਰੇ ਜਾਣਕਾਰੀ ਲਈ ''ਪ੍ਰਬੰਧ'' ਪਾਠ ਵੇਖੋ। [8]''ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨਾ'' ਪਾਠ। [9]''ਛੱਡ ਕੇ ਜਾਣ ਵਾਲਿਆਂ ਦੀ ਮੁਸ਼ਕਿਲ ਹੱਲ ਕਰਨਾ'' ਪਾਠ ਵੇਖੋ।